BC Centre for Disease Control
Provincial Health Services Authority

STI/HIV Services 604.707.5600
Clinical Prevention Services 604.707.5604
655 West 12th Avenue bccdc.ca
Vancouver, BC V5Z 4R4 SmartSexResource.com

ਬੈਂਜ਼ਾਥਾਈਨ ਬੈਂਜ਼ੈਲਪੇਨਿਸਿਲਿਨ (ਲੈਂਟੋਸਿਲਿਨ ਐਸ 1200)

ਸਿਫ਼ਿਲਿਸ ਦੇ ਇਲਾਜ ਲਈ

Benzathine Benzylpenicillin (Lentocilin S 1200)

For Treatment of Syphilis

ਬੈਂਜ਼ਾਥਾਈਨ ਬੈਂਜਿਲਪੇਨਿਸਿਲਿਨ (Benzathine Benzylpenicillin) ਦੀ ਇੱਕ ਖੁਰਾਕ ਤਿਆਰ ਕੀਤੀ ਜਾਂਦੀ ਹੈ ਅਤੇ ਇਸ ਨੂੰ ਕੂਹਣੀ/ਹਿਪ ਦੇ ਖੇਤਰਾਂ ਵਿੱਚ ਦੋ ਟੀਕਿਆਂ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ, ਜੋ ਆਮ ਤੌਰ 'ਤੇ ਸੰਕਰਾਮਕ ਸਿਫ਼ਿਲਿਸ ਦੇ ਇਲਾਜ ਲਈ ਕਾਫ਼ੀ ਹੁੰਦਾ ਹੈ। ਹਾਲਾਂਕਿ, ਜੇਕਰ ਇਨਫੈਕਸ਼ਨ ਇੱਕ ਸਾਲ ਤੋਂ ਵੱਧ ਜਾਂ ਅਣਮਿੱਥੇ ਸਮੇਂ ਤੋਂ ਹੈ ਤਾਂ ਬੈਂਜ਼ਾਥਾਈਨ ਬੈਂਜ਼ੈਲਪੇਨਿਸਿਲਿਨ (ਪੈਨਿਸਿਲਿਨ ਜੀ ਬੈਂਜ਼ਾਥਾਈਨ) ਦੀਆਂ ਤਿੰਨ ਖੁਰਾਕਾਂ ਦੀ ਲੋੜ ਹੁੰਦੀ ਹੈ; ਇਹ ਟੀਕੇ ਤਿੰਨ ਹਫ਼ਤਿਆਂ ਵਿੱਚ ਹਫ਼ਤੇ ਵਿੱਚ ਇੱਕ ਵਾਰ ਦਿੱਤੇ ਜਾਂਦੇ ਹਨ। ਹੈਲਥਕੇਅਰ ਪ੍ਰਦਾਤਾਵਾਂ ਨੂੰ ਸਿਫ਼ਿਲਿਸ (Syphilis) ਸਟੇਜਿੰਗ/ਨਿਦਾਨ ਅਤੇ ਉਚਿਤ ਇਲਾਜ ਦੀ ਪੁਸ਼ਟੀ ਕਰਨ ਲਈ BCCDC ਸਿਫ਼ਿਲਿਸ ਡਾਕਟਰਾਂ ਨਾਲ ਸਲਾਹ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਐਲਰਜੀ (Allergies)

- ਜੇਕਰ ਤੁਹਾਨੂੰ ਪੈਨਿਸਿਲਿਨ (penicillins) ਜਾਂ ਸੇਫਾਲੋਸਪੋਰਿਨ (cephalosporins) ਤੋਂ ਐਲਰਜੀ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ :
    - ਉਦਾਹਰਨ ਵਜੋਂ: ਪੈਨਿਸਿਲਿਨ V-K ਅਤੇ ਐਮੋਕਸੀਸਿਲਿਨ (Amoxil®)
    - ਉਦਾਹਰਨ ਵਜੋਂ: ਸੇਫੋਕਸੀਟਿਨ (cefoxitin)
- ਜੇ ਤੁਹਾਨੂੰ ਸੋਇਆ ਜਾਂ ਸੋਇਆ ਵਾਲੇ ਉਤਪਾਦਾਂ (ਉਦਾਹਰਨ ਵਜੋਂ: ਟੋਫੂ, ਸੋਇਆ ਦੁੱਧ, ਸੋਇਆ ਸਾਸ, ਤੇਰੀਆਕੀ ਸਾਸ, ਵੂਰਸੇਸਟਰਸ਼ਾਇਰ ਸਾਸ, ਸੋਇਆਬੀਨ) ਜਾਂ ਮੂੰਗਫਲੀ ਤੋਂ ਐਲਰਜੀ ਹੈ, ਤਾਂ ਆਪਣੇ ਹੈਲਥਕੇਅਰ ਪ੍ਰਦਾਤਾ ਨੂੰ ਦੱਸੋ। Lentocilin S 1200 ਵਿੱਚ ਸੋਇਆ ਫਾਸਫੋਲਿਪਿਡਸ ਹੁੰਦੇ ਹਨ, ਜੋ ਗੰਭੀਰ ਸੋਇਆ ਜਾਂ ਮੂੰਗਫਲੀ ਐਲਰਜੀ ਵਾਲੇ ਵਿਅਕਤੀਆਂ ਵਿੱਚ ਐਲਰਜਿਕ ਪ੍ਰਤੀਕਿਰਿਆ ਪੈਦਾ ਕਰ ਸਕਦੇ ਹਨ।
- ਜੇ ਤੁਹਾਨੂੰ ਲਿਡੋਕੇਨ (lidocaine) (ਬੇਹੋਸ਼ ਕਰਨ ਵਾਲੀ ਦਵਾ) ਤੋਂ ਐਲਰਜੀ ਹੈ ਜਾਂ ਤੁਹਾਨੂੰ ਦਿਲ, ਜਿਗਰ ਜਾਂ ਗੁਰਦੇ ਨਾਲ ਸੰਬੰਧਿਤ ਬੀਮਾਰੀਆਂ ਦਾ ਇਤਿਹਾਸ ਹੈ, ਤਾਂ ਆਪਣੇ ਹੈਲਥਕੇਅਰ ਪ੍ਰਦਾਤਾ ਨੂੰ ਦੱਸੋ।

ਗਰਭ ਅਵਸਥਾ ਅਤੇ ਸਤਨਪਾਨ /ਛਾਤੀ ਦਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਗਰਭਵਤੀ ਜਾਂ ਛਾਤੀ ਦਾ ਦੁੱਧ ਚੁੰਘਾਉਣ ਵਾਲੇ ਵਿਅਕਤੀ ਨੂੰ Lentocilin S ਦੇਣ ਤੋਂ ਪਹਿਲਾਂ ਕਿਰਪਾ ਕਰਕੇ BCCDC STI ਡਾਕਟਰਾਂ ਨਾਲ ਸਲਾਹ ਕਰੋ।

ਸਾਵਧਾਨੀਆਂ (Caution)

- **ਦਵਾਈਆਂ ਦੀ ਪਰਸਪਰ ਕ੍ਰਿਆ**: ਕਿਰਪਾ ਕਰਕੇ ਧਿਆਨ ਦਿਓ ਕਿ ਇਸ ਦਸਤਾਵੇਜ਼ ਵਿੱਚ ਵਿਅਕਤੀਗਤ ਦਵਾਈਆਂ ਦੀਆਂ ਪਰਸਪਰ ਕ੍ਰਿਆਵਾਂ ਦਰਜ ਨਹੀਂ ਕੀਤੀਆਂ ਗਈਆਂ। ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਬਿਨਾਂ ਪ੍ਰਿਸਕ੍ਰਿਪਸ਼ਨ, ਹਰਬਲ ਜਾਂ ਮਨੋਰੰਜਨ ਲਈ ਵਰਤੇ ਜਾਣ ਵਾਲੇ ਉਤਪਾਦ ਲੈ ਰਹੇ ਹੋ, ਤਾਂ ਕਿਰਪਾ ਕਰਕੇ ਆਪਣੇ ਹੈਲਥਕੇਅਰ ਪ੍ਰਦਾਤਾ ਨਾਲ ਇਸ ਬਾਰੇ ਚਰਚਾ ਕਰੋ।

Last review by BCCDC Pharmacy: March 2026

ਇਲਾਜ ਤੋਂ ਬਾਅਦ ਆਪਣੇ ਆਪ ਦੀ ਦੇਖਭਾਲ (Care of Yourself After Treatment)

- ਤੁਹਾਨੂੰ Lentocilin S ਦੇ ਟੀਕੇ ਲਗਵਾਉਣ ਤੋਂ ਬਾਅਦ 15 ਮਿੰਟ ਲਈ ਕਲੀਨਿਕ ਵਿੱਚ ਰੁਕਣ ਲਈ ਕਿਹਾ ਜਾਵੇਗਾ।
- ਜੇ ਇਲਾਜ ਤੋਂ ਬਾਅਦ ਤੁਹਾਨੂੰ ਕੋਈ ਪ੍ਰਤੀਕਿਰਿਆ (ਉਦਾਹਰਨ ਵਜੋਂ: ਧੱਫੜ, ਖਾਰਸ਼, ਜਾਂ ਸਾਹ ਲੈਣ ਵਿੱਚ ਮੁਸ਼ਕਲ) ਹੋਵੇ, ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਟਾਫ਼ ਮੈਂਬਰ ਨੂੰ ਸੂਚਿਤ ਕਰੋ।
- ਜੇ ਇਹ ਲੱਛਣ ਕਲੀਨਿਕ ਤੋਂ ਬਾਹਰ ਜਾਣ ਤੋਂ ਬਾਅਦ ਹੋਣ, ਤਾਂ ਕਿਰਪਾ ਕਰਕੇ ਤੁਰੰਤ ਐਮਰਜੈਂਸੀ ਸਹਾਇਤਾ ਲਵੋ (9-1-1 'ਤੇ ਫੋਨ ਕਰੋ ਜਾਂ ਹਸਪਤਾਲ ਜਾਂ ਅਰਜੈਂਟ ਕੇਅਰ ਸੈਂਟਰ ਜਾਓ)।

ਸਾਈਡ ਇਫੈਕਟਸ (Side Effects)

- ਤੁਹਾਨੂੰ ਟੀਕੇ ਵਾਲੀ ਥਾਂ 'ਤੇ ਹਲਕਾ, ਅਸਥਾਈ ਦਰਦ ਹੋ ਸਕਦਾ ਹੈ।
- ਇਲਾਜ ਤੋਂ ਬਾਅਦ ਤੁਹਾਨੂੰ ਦਸਤ ਹੋ ਸਕਦੇ ਹਨ।
- ਕਈਆਂ ਨੂੰ **Jarisch-Herxheimer** ਪ੍ਰਤੀਕ੍ਰਿਆ ਹੋ ਸਕਦੀ ਹੈ: ਬੁਖਾਰ, ਕੰਬਣ, ਮਾਸਪੇਸ਼ੀਆਂ ਵਿੱਚ ਦਰਦ, ਸਿਰ ਦਰਦ ਜਾਂ ਥਕਾਵਟ।
    - Jarisch-Herxheimer ਪ੍ਰਤੀਕਿਰਿਆ ਲੱਛਣਾਂ ਦਾ ਇੱਕ ਸਮੂਹ ਹੈ, ਜੋ ਸਿਫ਼ਿਲਿਸ ਦੇ ਇਲਾਜ ਤੋਂ ਕੁਝ ਘੰਟਿਆਂ ਬਾਅਦ ਅਸਥਾਈ ਤੌਰ 'ਤੇ ਹੋ ਸਕਦਾ ਹੈ। ਹਰ ਕਿਸੇ ਨੂੰ ਇਹ ਪ੍ਰਤੀਕਿਰਿਆ ਨਹੀਂ ਹੁੰਦੀ।
    - ਘਬਰਾਉਣ ਦੀ ਲੋੜ ਨਹੀਂ ਹੈ, ਇਹ **ਐਲਰਜਿਕ ਪ੍ਰਤੀਕਿਰਿਆ ਨਹੀਂ ਹੁੰਦੀ** ਅਤੇ ਆਮ ਤੌਰ 'ਤੇ 24 ਘੰਟਿਆਂ ਵਿੱਚ ਠੀਕ ਹੋ ਜਾਂਦੀ ਹੈ।
    - ਜੇ ਲੋੜ ਹੋਵੇ ਤਾਂ ਲੱਛਣਾਂ ਤੋਂ ਰਾਹਤ ਲਈ ਐਸੀਟਾਮਿਨੋਫੇਨ (Tylenol®) ਜਾਂ ਆਈਬੂਪ੍ਰੋਫੈਨ (Advil®) ਲਿਆ ਜਾ ਸਕਦਾ ਹੈ।
- ਜੇ ਇਹ ਪ੍ਰਭਾਵ ਖਤਮ ਨਾ ਹੋਣ ਜਾਂ ਵਧ ਜਾਣ, ਤਾਂ ਕਿਰਪਾ ਕਰਕੇ ਆਪਣੇ ਹੈਲਥਕੇਅਰ ਪ੍ਰਦਾਤਾ ਨਾਲ ਸੰਪਰਕ ਕਰੋ।

ਸਿਫ਼ਿਲਿਸ ਦੇ ਪੜਾਅ (Stages of Syphilis)

- ਇਲਾਜ ਅਤੇ ਫਾਲੋ-ਅੱਪ ਦੀਆਂ ਸਿਫ਼ਾਰਸ਼ਾਂ ਇਸ ਗੱਲ 'ਤੇ ਆਧਾਰਿਤ ਹੁੰਦੀਆਂ ਹਨ ਕਿ ਸਿਫ਼ਿਲਿਸ ਦਾ ਇਨਫੈਕਸ਼ਨ ਤੁਹਾਡੇ ਸਰੀਰ ਵਿੱਚ ਕਿੰਨੇ ਸਮੇਂ ਤੋਂ ਮੌਜੂਦ ਹੈ। ਤੁਹਾਡਾ ਹੈਲਥਕੇਅਰ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਤੁਹਾਨੂੰ ਸਿਫ਼ਿਲਿਸ ਦਾ ਕਿਹੜਾ ਪੜਾਅ ਹੈ ਅਤੇ ਕਿਹੜਾ ਇਲਾਜ ਲੋੜੀਂਦਾ ਹੈ। ਤੁਹਾਨੂੰ ਪਬਲਿਕ ਹੈਲਥ ਦੀ ਤਰਫੋਂ ਇੱਕ ਨਰਸ ਵੱਲੋਂ ਫੋਨ ਵੀ ਆ ਸਕਦਾ ਹੈ, ਜਿਸ ਵਿੱਚ ਸਾਥੀ ਸੰਪਰਕਾਂ (partner follow-up) ਅਤੇ ਅਗਲੇ ਟੈਸਟਿੰਗ ਲਈ ਸਿਫ਼ਾਰਸ਼ਾਂ ਬਾਰੇ ਗੱਲ ਕੀਤੀ ਜਾਵੇਗੀ।

ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

SmartSex Resource: Syphilis